ਨੰਨ੍ਹੇ-ਮੁੰਨੇ Tiny Tots ਗਰੁਪ 2017 – ਪਹਿਲੀ ਕਵਿਤਾ

# ਸਫਾਈ (ਸਿੱਖੀ ਦੀ ਮਹਿਕ – ਪੰਨਾ 10)

ਰੱਖੋ ਵੱਲ ਸਫਾਈ ਧਿਆਨ । ਅੰਮ੍ਰਿਤ ਵੇਲੇ ਕਰੋ ਇਸ਼ਨਾਨ ।
ਦੂਰ ਹੋਂਦੀ ਕਿਧਰੇ ਸੁਸਤੀ । ਆ ਜਾਂਦੀ ਹੈ ਉੱਥੇ ਚੁਸਤੀ ।
ਉੱਦਮੀ ਬੱਚੇ ਨਿੱਤ ਹੀ ਨ੍ਹਾਵਣ । ਆਪਣਾ ਆਪ ਅਰੋਗ ਬਣਾਵਣ ।
ਜਿਹੜੇ ਬੱਚੇ ਨਹਾਉਣ ਤੋਂ ਡਰਦੇ । ਉਹ ਨਾ ਕੋਈ ਤਰੱਕੀ ਕਰਦੇ ।
ਰਹਿੰਦੇ ਪਿੱਛੇ ਵਿੱਚ ਪੜ੍ਹਾਈ । ਰਖਦੇ ਨਾ ਜੋ ਹੋਣ ਸਫਾਈ ।
ਰਖਦਾ ਸਾਫ ਸਰੀਰ ਨੂੰ ਪਾਣੀ । ਮਨ ਨੂੰ ਸਾਫ ਰਖੇ ਗੁਰਬਾਣੀ ।

---

ਨੰਨ੍ਹੇ-ਮੁੰਨੇ Tiny Tots ਗਰੁਪ 2017 - ਦੂਜੀ ਕਵਿਤਾ

# ਆਓ !! ਗਿਣਤੀ ਕਰੀਏ !!

**ਇੱਕ-ਦੋ ! ਇੱਕ-ਦੋ !** ਅੰਮ੍ਰਿਤ ਵੇਲੇ ਉੱਠ ਖਲੋ ।
**ਤਿੰਨ-ਚਾਰ ! ਤਿੰਨ-ਚਾਰ !** ਵਾਹਿਗੁਰੂ ਜੀ ਦੀ ਫ਼ਤਿਹ ਉਚਾਰ ।
**ਪੰਜ-ਛੇ ! ਪੰਜ-ਛੇ !** ਨਾਮ ਪ੍ਰਭੂ ਦਾ ਸਦਾ ਲੇ ।
**ਸੱਤ-ਅੱਠ ! ਸੱਤ-ਅੱਠ !** ਕਦੇ ਨਾ ਕਰੀਂ ਢਿਲ-ਮੱਠ ।
**ਨੌਂ-ਦਸ ! ਨੌਂ-ਦਸ !** ਸਿਫ਼ਤ-ਸਾਲਾਹ ਕਰ ਤੇ ਸੁਖੀ ਵੱਸ ।

**ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ !!!!**

**ਨੰਨ੍ਹੇ-ਮੁੰਨੇ Tiny Tots ਗਰੁਪ 2017 – ਤੀਜੀ ਕਵਿਤਾ**

# ਸਿੱਖੀ – ਸਿੱਖੀ ਜ਼ਿੰਦਾਬਾਦ

**ਦੇਗ ਤੇਗ ਫ਼ਤਿਹ, ਪੰਥ ਕੀ ਜੀਤ, ਰਾਜ ਕਰੇਗਾ ਖਾਲਸਾ !!**

**ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਦੇ, ਸਜਦੇ ਦੀਵਾਨ ਰਹੇਂ ਪੰਥ ਮਹਾਰਾਜ ਦੇ !!**

ਸਿੱਖੀ ਮੇਰੀ ਜਾਨ ਹੈ, ਸਿੱਖੀ ਮੇਰੀ ਸ਼ਾਨ ਹੈ !!

ਸਿੱਖੀ ਵਿੱਚ ਅਸੀਂ ਰਹਿੰਦੇ ਹਾਂ ਤੇ ਸਿੱਖੀ ਵਿੱਚ ਅਸੀਂ ਕਹਿੰਦੇ ਹਾਂ !!

**ਸਿੱਖੀ – ਸਿੱਖੀ ਜ਼ਿੰਦਾਬਾਦ !! ਸਿੱਖੀ – ਸਿੱਖੀ ਜ਼ਿੰਦਾਬਾਦ !!**

ਸਿੱਖਾਂ ਦੀ ਰਹਿਣੀ ਸੁਹਣੀ ਹੈ, ਸਿੱਖਾਂ ਦੀ ਬਹਿਣੀ ਮੋਹਣੀ ਹੈ !!

ਸਿੱਖਾਂ ਦੀ ਕਰਣੀ ਤਿੱਖੀ ਹੈ ਤੇ ਸਿੱਖਾਂ ਦੀ ਬੋਲੀ ਮਿੱਠੀ ਹੈ !!

**ਸਿੱਖੀ – ਸਿੱਖੀ ਜ਼ਿੰਦਾਬਾਦ !! ਸਿੱਖੀ – ਸਿੱਖੀ ਜ਼ਿੰਦਾਬਾਦ !!**

ਸਿੱਖ ਸਚ ਤੇ ਚਲਦੇ ਨੇ. ਸਿੱਖ ਪਿਆਰ ਵਿੱਚ ਰਲਦੇ ਨੇ !!

ਦੁਖ ਵਿੱਚ ਸੁਖ ਮਨਾਉਂਦੇ ਨੇ ਤੇ ਵਾਹਿਗੁਰੂ ਵਾਹਿਗੁਰੂ ਗਾਉਂਦੇ ਨੇ !!

**ਸਿੱਖੀ – ਸਿੱਖੀ ਜ਼ਿੰਦਾਬਾਦ !! ਸਿੱਖੀ – ਸਿੱਖੀ ਜ਼ਿੰਦਾਬਾਦ !!**

ਸਿੱਖੀ ਗੁਰੂ ਨੇ ਦਿਤੀ ਹੈ, ਅੰਮ੍ਰਿਤ ਛੱਕ ਕੇ ਲੀਤੀ ਹੈ !!

ਸਿੱਖੀ ਦੀ ਕਰੂੰ ਮੈਂ ਗੱਲ, ਗਾਉਂਦਾ ਜਾਂਦਾ ਹਰ ਪਲ-ਪਲ !!

**ਸਿੱਖੀ – ਸਿੱਖੀ ਜ਼ਿੰਦਾਬਾਦ !! ਸਿੱਖੀ – ਸਿੱਖੀ ਜ਼ਿੰਦਾਬਾਦ !!**

ਸਿੱਖੀ ਦਾ ਪੁਜਾਰੀ ਹਾਂ, ਉਮੀਦਾਂ ਆਪਣੀ ਵਾਰੀ ਹਾਂ !!

ਘਰ-ਘਰ ਸਿੱਖੀ ਲੈ ਆਉਣ ਲਈ, ਮੈਂ ਚੈਨ ਨੀਂਦ ਨਾ ਸੌਂਦਾ ਹਾਂ !!

**ਸਿੱਖੀ – ਸਿੱਖੀ ਜ਼ਿੰਦਾਬਾਦ !! ਸਿੱਖੀ – ਸਿੱਖੀ ਜ਼ਿੰਦਾਬਾਦ !!**

**ਸਿੱਖੀ – ਸਿੱਖੀ ਜ਼ਿੰਦਾਬਾਦ !! ਸਿੱਖੀ – ਸਿੱਖੀ ਜ਼ਿੰਦਾਬਾਦ !!**

ਪ੍ਰਾਈਮਰੀ A ਗਰੁਪ 2017 – ਪਹਿਲੀ ਕਵਿਤਾ

## ਸਿੱਖ ਗੁਰੂ ਦਾ (ਸਿੱਖੀ ਦੀ ਮਹਿਕ – ਪੰਨਾ 4)

ਇੱਕੋ ਰੱਬ ਨੂੰ ਮੰਨੇ ਜਿਹੜਾ । ਉਸਦੇ ਮਨ ਵਿੱਚ ਅਸਲੀ ਖੇੜਾ ।
ਦਸ ਗੁਰੂਆਂ ਦੀ ਜੋਤ ਨਿਰਾਲੀ । 'ਗੁਰੂ ਗ੍ਰੰਥ' ਦੇ ਵਿੱਚ ਸੰਭਾਲੀ ।
ਅੰਮ੍ਰਿਤ ਛੱਕ ਮੰਨਦਾ ਗੁਰਬਾਣੀ । ਸਿੱਖ ਗੁਰੂ ਦਾ ਹੈ ਉਹ ਪ੍ਰਾਣੀ ।
ਹੋਰ ਧਰਮ ਵਲ ਨਾ ਉਹ ਜਾਵੇ । ਸਿੱਖ ਗੁਰੂ ਦਾ ਉਹ ਕਹਿਲਾਵੇ ।

ਪ੍ਰਾਈਮਰੀ A ਗਰੁਪ 2017 - ਦੂਜੀ ਕਵਿਤਾ

## ਮੱਥਾ ਟੇਕਣਾ (ਸਿੱਖੀ ਦੀ ਮਹਿਕ – ਪੰਨਾ 7)

ਗੁਰਸਿੱਖ ਜਦ ਗੁਰਦੁਆਰੇ ਜਾਵੇ । ਗੁਰ ਆਪਣੇ ਨੂੰ ਸੀਸ ਝੁਕਾਵੇ ।
ਮੱਥਾ ਟੇਕਣ ਤੋਂ ਇਹ ਭਾਵ । ਮਨ ਵਿੱਚ ਵਸੇ ਗੁਰ-ਪ੍ਰਭਾਵ ।
ਮੱਥਾ ਟੇਕਣ ਦੇ ਉਪਰੰਤ । ਫਤਿਹ ਬੁਲਾਵੋ ਤੁਸੀਂ ਤੁਰੰਤ ।
ਦੇਹਧਾਰੀ ਜੋ ਗੁਰੂ ਕਹਾਉਂਦੇ । ਗੁਰਸਿੱਖ ਕਦੇ ਨਾ ਸੀਸ ਝੁਕਾਉਂਦੇ।
ਸਾਧ-ਸੰਤ ਵੀ ਜਿੰਨੇ ਫਿਰਦੇ, ਇਹਨਾਂ ਨਾਲ ਵੀ ਨਾ ਜੋੜੋ ਹਿਰਦੇ।
**ਗੁਰੂ ਗ੍ਰੰਥ ਸਾਹਿਬ ਗੁਰੂ ਏਕੋ । ਏਸੇ ਨੂੰ ਹੀ ਮੱਥਾ ਟੇਕੋ ।**

ਸਬ-ਜੂਨੀਅਰ B ਗਰੁਪ 2017 - ਪਹਿਲੀ ਕਵਿਤਾ

# ਫਤਿਹ !!!

ਅੱਜ ਕੱਲ ਦਾ ਇਹ ਗਲਤ ਰਿਵਾਜ । ਫਤਿਹ ਨੂੰ ਭੁੱਲਿਆ ਅੱਜ ਸਮਾਜ ।

ਬੋਲਾ ਤਾਂ ਇਹ ਅਤਿ ਮਸ਼ਹੂਰ । ਐਪਰ ਸਿੱਖ ਸਮਾਜ ਤੋਂ ਦੂਰ ।

ਸਿੱਖ ਧਰਮ ਤਾਂ ਬੜਾ ਹੀ ਸੁੰਦਰ। ਫਤਿਹ ਦਾ ਬੋਲਾ ਧਰਿਆ ਕੁੰਦਰ ।

ਭਹੁਤ ਸਿੱਖ ਜਦ ਆਵਣ ਜਾਵਣ । 'ਸਤਿ ਸ੍ਰੀ ਅਕਾਲ' ਬੁਲਾਵਣ ।

ਮਿਲਣ ਲਈ ਜੇ ਕਿਧਰੇ ਜਾਈਏ । ਵਾਹਿਗੁਰੂ ਜਕ ਫਤਿਹ ਬੁਲਾਈਏ ।

ਪੰਥ-ਖਾਲਸਾ ਫੌਜ ਮਹਾਨ । ਇਕੋ ਵਰਦੀ ਇਕੋ ਧਿਆਨ ।

ਇੱਕ ਮਰਯਾਦਾ ਇੱਕ ਅਸੂਲ । ਗੱਲ ਨਹੀਂ ਕਰਨੀ ਕੋਈ ਫਜ਼ੂਲ ।

ਸਿੱਖ ਸਮਾਜ ਅਜੇ ਅਣਜਾਣ । ਸਿੱਖ ਬੋਲਿਆਂ ਦੀ ਨਹੀਂ ਪਹਿਚਾਣ ।

'ਸਤਿ ਸ੍ਰੀ ਅਕਾਲ' ਹੈ ਜੰਗੀ ਨਾਰਾ । ਜੰਗਾਂ-ਯੁਧਾਂ ਵਿੱਚ ਕਰਾਰਾ ।

ਜਦੋਂ ਮਿਲਣ ਕਿਸੇ ਨੂੰ ਜਾਈਏ । ਵਾਹਿਗੁਰੂ ਜੀ ਕੀ ਫਤਿਹ ਬੁਲਾਈਏ ।

**ਵਾਹਿਗੁਰੂ ਜੀ ਕਾ ਖਾਲਸਾ !! ਵਾਹਿਗੁਰੂ ਜੀ ਕੀ ਫਤਿਹ !!**

---

ਸਬ-ਜੂਨੀਅਰ B ਗਰੁਪ 2017 - ਦੂਜੀ ਕਵਿਤਾ

# ਸਿੱਖ ਤਿਉਹਾਰ

ਆਪੋ ਆਪਣੇ ਹਨ ਤਿਉਹਾਰ । ਆਪੋ ਆਪਣਾ ਸਭ ਦਾ ਪਿਆਰ ।

ਸਿੱਖਾਂ ਦੇ ਤਿਉਹਾਰ ਨਿਰਾਲੇ । ਸਿੱਖੀ ਸ਼ਾਨ ਵਧਾਵਣ ਵਾਲੇ ।

ਸ਼ਹੀਦੀ ਤੇ ਪ੍ਰਕਾਸ਼ ਦਿਹਾੜੇ । ਸਿੱਖਾਂ ਲਈ ਹਨ ਖਾਸ ਦਿਹਾੜੇ ।

ਦਿਵਸ ਖਾਲਸਾ ਜੋ ਵੈਸਾਖੀ । ਚੜ੍ਹਦੀ ਕਲਾ ਦੀ ਭਰਦਾ ਸਾਖੀ ।

ਆਪਣੇ ਗੁਰੁ ਮਨਾਵਣ ਜਿਹੜੇ । ਖੁਸ਼ੀਆਂ ਆਵਣ ਉਹਨਾਂ ਦੇ ਵਿਹੜੇ ।

ਸਿੱਖ ਤਿਉਹਾਰ ਮਨਾਓ ਬੱਚਿਓ । ਉਨੱਤੀ ਵੱਲ ਤੁਸੀਂ ਜਾਓ ਬੱਚਿਓ ।

ਗੁਰੂ ਦੀ ਸਿਖਿਆ ਸੁਣ-ਸਮਝ ਅਪਣਾਓ । ਆਪਣਾ ਜੀਵਨ ਸਫਲ ਬਣਾਓ ।